# Prime Minister speaks on phone with the Federal Chancellor of Germany, His Excellency Olaf Scholz

January 05, 2022

---

# ਪ੍ਰਧਾਨ ਮੰਤਰੀ ਨੇ ਕੀਤੀ ਜਰਮਨੀ ਦੇ ਫੈਡਰਲ ਚਾਂਸਲਰ ਮਹਾਮਹਿਮ ਓਲਾਫ ਸਕੋਲਜ਼ ਨਾਲ ਫ਼ੋਨ 'ਤੇ ਗੱਲਬਾਤ

**5 ਜਨਵਰੀ, 2022**

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਜਰਮਨੀ ਦੇ ਫੈਡਰਲ ਚਾਂਸਲਰ ਮਹਾਮਹਿਮ ਓਲਾਫ ਸਕੋਲਜ਼ ਨਾਲ ਫ਼ੋਨ 'ਤੇ ਗੱਲਬਾਤ ਕੀਤੀ।

ਪ੍ਰਧਾਨ ਮੰਤਰੀ ਨੇ ਮਹਾਮਹਿਮ ਸਕੋਲਜ਼ ਨੂੰ ਚਾਂਸਲਰ ਵਜੋਂ ਉਨ੍ਹਾਂ ਦੀ ਨਿਯੁਕਤੀ ਹੋਣ 'ਤੇ ਵਧਾਈ ਦਿੱਤੀ। ਉਨ੍ਹਾਂ ਨੇ ਸਾਬਕਾ ਚਾਂਸਲਰ ਮਹਾਮਹਿਮ ਐਂਜੇਲਾ ਮਾਰਕੇਲ ਵੱਲੋਂ ਭਾਰਤ-ਜਰਮਨੀ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ ਲਈ ਦਿੱਤੇ ਗਏ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਮਹਾਮਹਿਮ ਸਕੋਲਜ਼ ਦੀ ਅਗਵਾਈ ਹੇਠ ਇਸ ਸਕਾਰਾਤਮਕ ਰਫਤਾਰ ਦੇ ਜਾਰੀ ਰਹਿਣ ਦੀ ਆਸ ਪ੍ਰਗਟਾਈ।

ਦੋਵੇਂ ਆਗੂ ਇਸ ਗੱਲ 'ਤੇ ਸਹਿਮਤ ਸਨ ਕਿ ਨਵੀਂ ਜਰਮਨ ਸਰਕਾਰ ਵੱਲੋਂ ਐਲਾਨੀਆਂ ਗਈਆਂ ਪ੍ਰਸ਼ਾਸਨਕ ਤਰਜੀਹਾਂ ਅਤੇ ਭਾਰਤ ਦੇ ਆਰਥਿਕ ਦ੍ਰਿਸ਼ਟੀਕੋਣ ਦਰਮਿਆਨ ਕਾਫ਼ੀ ਸੁਮੇਲ ਹੈ। ਉਨ੍ਹਾਂ ਨੇ ਨਿਵੇਸ਼ ਅਤੇ ਵਪਾਰਕ ਸਬੰਧਾਂ ਨੂੰ ਉਤਸ਼ਾਹਿਤ ਕਰਨ ਸਮੇਤ ਸਹਿਯੋਗ ਸਬੰਧੀ ਮੌਜੂਦਾ ਪਹਿਲਕਦਮੀਆਂ ਦੀ ਸੰਭਾਵਨਾਵਾਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਨਵੇਂ ਖੇਤਰਾਂ ਵਿੱਚ ਸਹਿਯੋਗ ਅਤੇ ਵਟਾਂਦਰੇ ਵਿੱਚ ਹੋਰ ਵੰਨ ਸੁਵੰਨਤਾ ਦੀ ਸੰਭਾਵਨਾਵਾਂ 'ਤੇ ਸਹਿਮਤੀ ਪ੍ਰਗਟਾਈ। ਉਨ੍ਹਾਂ ਨੇ ਖਾਸ ਤੌਰ 'ਤੇ ਜਲਵਾਯੂ ਐਕਸ਼ਨ ਅਤੇ ਹਰੀ ਊਰਜਾ ਦੇ ਖੇਤਰਾਂ ਵਿੱਚ ਸਹਿਯੋਗ ਦੀਆਂ ਨਵੀਆਂ ਪਹਿਲਕਦਮੀਆਂ ਸ਼ੁਰੂ ਕਰਨ ਦੀ ਆਸ ਪ੍ਰਗਟਾਈ, ਤਾਂ ਜੋ ਦੋਵੇਂ ਦੇਸ਼ ਜਲਵਾਯੂ ਸਬੰਧੀ ਆਪਣੀਆਂ ਪ੍ਰਤੀਬੱਧਤਾਵਾਂ ਪੂਰੀਆਂ ਕਰ ਸਕਣ।

ਪ੍ਰਧਾਨ ਮੰਤਰੀ ਨੇ ਚਾਂਸਲਰ ਮਹਾਮਹਿਮ ਸਕੋਲਜ਼ ਅਤੇ ਜਰਮਨ ਲੋਕਾਂ ਨੂੰ ਨਵੇਂ ਸਾਲ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਦੁਵੱਲੇ ਅੰਤਰ-ਸਰਕਾਰੀ ਸਲਾਹ-ਮਸ਼ਵਰੇ ਦੀ ਅਗਲੀ ਮੀਟਿੰਗ ਲਈ ਉਨ੍ਹਾਂ ਨੂੰ ਜਲਦੀ ਹੀ ਮਿਲਣ ਦੀ ਆਸ ਜਤਾਈ।

ਨਵੀਂ ਦਿੱਲੀ

5 ਜਨਵਰੀ, 2022

DISCLAIMER: This is an approximate translation. The original is available in English on MEA's website and may be referred to as the official press release.